**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

ਨੰ: ਪਸਸਬ-ਕਸ-2022/..412
ਮਿਤੀ: 19/05/2022

ਵੱਲ

1. ਪ੍ਰਿੰਸੀਪਲ
   ਸਸਸਸ, ਅਯਾਲੀ ਖੁਰਦ
   ਜ਼ਿਲ੍ਹਾ- ਲੁਧਿਆਣਾ।
2. ਹੈੱਡ ਮਾਸਟਰ
   ਸ.ਹ.ਸ, ਰੱਜੋਵਾਲ
   ਲੁਧਿਆਣਾ।

**ਵਿਸ਼ਾ:-** **ਦਸਵੀਂ ਸ਼੍ਰੇਣੀ Term-2 ਅਪ੍ਰੈਲ/ ਮਈ 2022 ਦੀ ਰੱਦ ਹੋਈ ਪਰੀਖਿਆ ਦੇ ਸੰਚਾਲਨ ਸਬੰਧੀ।**

ਉਪਰੋਕਤ ਵਿਸ਼ੇ ਅਧੀਨ ਮਿਤੀ 16.05.2022 ਨੂੰ ਸਸਸਸ, ਅਯਾਲੀ ਖੁਰਦ (43081) ਗਣਿਤ ਵਿਸ਼ੇ ਦੀ ਪਰੀਖਿਆ ਵਾਲੇ ਦਿਨ ਸ਼ੋਸ਼ਲ ਮੀਡੀਆ ਤੇ ਵਾਇਰਲ ਹੋਈ ਵੀਡੀਓ ਤੇ ਦਫਤਰ ਵੱਲੋਂ ਸਸਸਸ, ਅਯਾਲੀ ਖੁਰਦ (43081) ਪਰੀਖਿਆ ਕੇਂਦਰ ਵਿੱਚ ਇਸ ਵਿਸ਼ੇ ਦੀ ਪਰੀਖਿਆ ਰੱਦ ਕਰ ਦਿੱਤੀ ਗਈ ਹੈ। ਹੁਣ ਇਹ ਗਣਿਤ ਵਿਸ਼ੇ ਦੀ ਪਰੀਖਿਆ ਮਿਤੀ 27.05.2022 ਨੂੰ ਸ.ਹ.ਸ ਹੈਬੋਵਾਲ ਕਲਾਂ(44631) ਵਿਖੇ ਦੁਪਿਹਰ 1.00 ਵਜੇ ਤੋਂ 3.15 ਵਜੇ ਤੱਕ ਕਰਵਾਈ ਜਾ ਰਹੀ ਹੈ। ਪਰੀਖਿਆਰਥੀਆਂ ਨੂੰ ਇਸ ਸਬੰਧੀ ਆਪਣੇ ਪੱਧਰ ਤੇ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

19/5/22

ਸਹਾਇਕ ਸਕੱਤਰ (ਕਾਰਜ ਸੰਚਾਲਨ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਨੰ:ਪਸਸਬ-ਕਸ-2022/ 410
ਮਿਤੀ:19-05-2022

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈਕੰ.ਸਿੱਖਿਆ)
ਲੁਧਿਆਣਾ।

**ਵਿਸ਼ਾ:- ਦਸਵੀਂ ਸ਼੍ਰੇਣੀ Term-2 ਅਪ੍ਰੈਲ/ ਮਈ 2022 ਦੀ ਰੱਦ ਹੋਈ ਪਰੀਖਿਆ ਦੇ ਸੰਚਾਲਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਸ.ਸ.ਸ.ਸ ਅਯਾਲੀ ਖੁਰਦ ਪਰੀਖਿਆ ਕੇਂਦਰ ਦੀ ਰੱਦ ਹੋਈ ਪਰੀਖਿਆ ਮਿਤੀ 27-05-2022 ਨੂੰ ਦੁਪਹਿਰ 01:00 ਵਜੇ ਤੋਂ 3.15 ਵਜੇ ਤੱਕ ਸ.ਹ.ਸ ਹੈਬੋਵਾਲ ਕਲਾਂ (44631) ਬੋਰਡ ਵੱਲੋਂ ਪਰੀਖਿਆ ਕੇਂਦਰਾਂ ਸਥਾਪਿਤ ਕਰਕੇ ਕਰਵਾਈ ਜਾ ਰਹੀ ਹੈ। ਦਸਵੀਂ ਸ਼੍ਰੇਣੀ ਦੇ ਗਣਿਤ ਵਿਸ਼ੇ ਦੇ ਪ੍ਰਸ਼ਨ-ਪੱਤਰ ਮਿਤੀ 27-5-2022 ਨੂੰ 11.00 ਵਜੇ ਤੱਕ ਪਰੀਖਿਆ ਕੇਂਦਰ ਤੇ ਪਹੁੰਚਾਏ ਜਾਣਗੇ। ਪੰਜਾਬ ਸਰਕਾਰ ਅਤੇ ਬੋਰਡ, ਪਰੀਖਿਆਵਾਂ ਨਕਲ ਰਹਿਤ ਕਰਵਾਉਣ ਲਈ ਵਚਨ-ਬੱਧ ਹੈ। ਇਸ ਕਾਰਜ ਵਿੱਚ ਆਪ ਦੇ ਸਹਿਯੋਗ ਦੀ ਅਤਿ ਜ਼ਰੂਰਤ ਹੈ।

ਪਰੀਖਿਆ ਸੁਚੱਜੇ ਢੰਗ ਨਾਲ ਕਰਵਾਉਂਣ ਲਈ ਹੇਠ ਲਿਖੇ ਅਨੁਸਾਰ ਪੁਖਤਾ ਪ੍ਰਬੰਧ ਕਰਵਾਏ ਜਾਣ:-

1. ਪਰੀਖਿਆ ਤੋਂ 2 ਦਿਨ ਪਹਿਲਾਂ ਪਰੀਖਿਆ ਕੇਂਦਰਾਂ ਦੀ ਸਾਫ ਸਫਾਈ ਅਤੇ ਸੈਨੇਟਾਈਜ਼ੇਸ਼ਨ **1% ਸੋਡੀਅਮ ਹਾਈਪੋਕਲੋਰਾਈਟ** ਨਾਲ ਕਰਵਾਈ ਜਾਵੇ।
2. **70% ਆਈਸੋਪ੍ਰੋਪਾਈਲ ਅਲਕੋਹਲ** ਯੁਕਤ ਹੈਂਡ ਸੈਨੇਟਾਈਜ਼ਰ, ਸਾਬਣ ਅਦਿ ਦਾ ਪ੍ਰਬੰਧ ਕਰਵਾਇਆ ਜਾਵੇ।
3. ਰੂਮ ਦੀ ਸਮਰੱਥਾ ਅਨੁਸਾਰ ਹੀ ਸਮਾਜਿਕ ਦੂਰੀ ਦਾ ਧਿਆਨ ਰੱਖਦੇ ਹੋਏ ਸੀਟਿੰਗ ਪਲਾਨ ਕਰਵਾਇਆ ਜਾਵੇ।
4. ਐਂਟਰੀ ਗੇਟ ਤੇ ਹੀ ਪਰੀਖਿਆਰਥੀ ਦੀ ਸਿਹਤ ਬਾਰੇ ਜਾਣਕਾਰੀ ਲਈ ਜਾਵੇ।
5. ਅਜਿਹੇ ਪ੍ਰਬੰਧ ਕਰਵਾਏ ਜਾਣ ਕਿ ਪਾਣੀ ਪੀਣ /ਹੱਥ ਧੋਣ ਜਾਂ ਬਾਥ ਰੂਮਾਂ ਵਿੱਚ ਇੱਕ ਤੋਂ ਵੱਧ ਪਰੀਖਿਆਰਥੀ ਨਾ ਜਾਵੇ।
6. Transparent Bottle ਵਿੱਚ ਪਰੀਖਿਆਰਥੀ ਨੂੰ ਪਾਣੀ ਲਿਆਉਂਣ ਦੀ ਆਗਿਆ ਦਿੱਤੀ ਜਾਵੇ।
7. ਪਰੀਖਿਆਰਥੀ ਆਪਣੀ ਕੋਈ ਵੀ ਚੀਜ/ ਵਸਤੂ ਇੱਕ ਦੂਸਰੇ ਨਾਲ ਸ਼ੇਅਰ ਨਾ ਕਰਨ ਲਈ ਪ੍ਰੇਰਿਤ ਕੀਤਾ ਜਾਵੇ।
8. ਸੁਪਰਡੰਟ ਅਤੇ ਡਿਪਟੀ ਕੰਟਰੋਲਰ (ਵਿਜੀਲੈਂਸ) ਪਰੀਖਿਆ ਕੇਂਦਰ ਵਿੱਚ ਆਪ ਵੱਲੋਂ ਭੇਜੇ ਪੈਨਲ ਵਿਚੋਂ ਤਾਇਨਾਤ ਕੀਤੇ ਜਾਣਗੇ ਅਤੇ ਨਿਗਰਾਨ ਅਮਲਾ ਆਪ ਵੱਲੋਂ ਹੀ ਤਾਇਨਾਤ ਕੀਤਾ ਜਾਣਾ ਹੈ।
9. ਪਰੀਖਿਆਰਥੀਆਂ ਲਈ ਪਰੀਖਿਆ ਕੇਂਦਰ ਵਿੱਚ ਇੱਕ ਘੰਟਾ ਪਹਿਲਾਂ ਪਹੁੰਚਣਾ ਲਾਜਮੀ ਕੀਤਾ ਗਿਆ ਹੈ।
10. ਸਕੂਲ ਲਾਗਇੰਨ ਤੇ ਪਰੀਖਿਆਰਥੀਆਂ ਸਬੰਧੀ ਡਾਟਾ ਉਪਲੱਬਧ ਕਰਵਾਇਆ ਗਿਆ ਹੈ। ਕੇਂਦਰ ਕੰਟਰੋਲਰ ਵੱਲੋਂ ਕੇਂਦਰ ਸੁਪਰਡੰਟ ਨੂੰ ਡਾਟਾ, ਪੱਤਰ , ਹਦਾਇਤਾਂ, ਹਸਤਾਖਰ ਚਾਰਟ, ਕੱਟ ਲਿਸਟ ਆਦਿ ਡਾਊਨਲੋਡ ਕਰਕੇ ਉਪਲੱਬਧ ਕਰਵਾਉਂਣ ਦੀ ਹਦਾਇਤ ਕੀਤੀ ਜਾਵੇ।
11. ਪਰੀਖਿਆ ਤੋਂ ਇੱਕ ਦਿਨ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ ਕਰਵਾਏ ਜਾਣ।
12. ਨਕਲ ਦੀ ਪ੍ਰਵਿਰਤੀ ਤੇ ਕਾਬੂ ਪਾਉਂਣ ਲਈ ਪਰੀਖਿਆ ਕੇਂਦਰਾਂ ਦੀ ਨਿਰਵਿਘਨ ਚੈਕਿੰਗ ਕੀਤੀ ਜਾਵੇ।
13. ਜਿਲ੍ਹਾ ਪ੍ਰਸ਼ਾਸ਼ਨ ਨਾਲ ਤਾਲਮੇਲ ਕਰਕੇ ਸਕਿਓਰਿਟੀ ਦਾ ਪ੍ਰਬੰਧ ਆਪ ਵੱਲੋਂ ਕੀਤਾ ਜਾਣਾ ਹੈ।
14. ਸਮੁਚੀ ਪਰੀਖਿਆ ਦੇ ਆਪ ਨੋਡਲ ਅਫਸਰ ਹੋਵੋਗੇ।
15. ਪੰਜਾਬ ਸਰਕਾਰ ਵੱਲੋਂ **(COVID-19)** ਦੇ ਮੱਦੇਨਜਰ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਹਾਇਕ ਸਕੱਤਰ(ਕ.ਸ)
ਪੰਜਾਬ ਸਕੂਲ ਸਿੱਖਿਆ ਅਫਸਰ

ਪਿੱਠਅੰਕਣ ਨੰ:ਪਸਸਬ-ਕਸ-2022/ ਮਿਤੀ:ਐਸ.ਏ.ਐਸ. ਨਗਰ

ਉਪਰੋਕਤ ਦਾ ਉਤਾਰਾ ਜਿਲ੍ਹਾ ਮੈਨੇਜਰ ਲੁਧਿਆਣਾ ਨੂੰ ਭੇਜਦੇ ਹੋਏ ਪਰੀਖਿਆ ਲਈ ਸਮੁੱਚੇ ਪ੍ਰਬੰਧਾ ਲਈ ਅਤੇ ਜਿਲ੍ਹਾ ਸਿੱਖਿਆ ਅਫਸਰ ਨੂੰ ਸਹਿਯੋਗ ਦੇਣ ਲਈ ਭੇਜਿਆ ਜਾਂਦਾ ਹੈ।

ਸਹਾਇਕ-ਸਕੱਤਰ (ਕ.ਸ.)
ਪੰਜਾਬ ਸਕੂਲ ਸਿੱਖਿਆ ਬੋਰਡ